**ਐਸ.ਰਾਮ.ਮੈਨਪਾਵਰ ਸਰਿਵਿਸਜ਼ ਪ੍ਰਾਈਵੇਟ ਲਿਮੀਟਿਡ**

**ਮਕਾਨ ਨੰ 276 ਸੈਕਟਰ 94 ਮੋਹਾਲੀ ਪੰਜਾਬ।**

ਹੈਲਪਲਾਇਨ ਨੰ 9218300642

**(ਮਿਤੀ 03/03/2026 ਤੋ 13/03/2026 ਤੱਕ)**

## ਨੋਟਿਸ

ਐਸ.ਰਾਮ.ਮੈਨਪਾਵਰ ਸਰਿਵਿਸਜ਼ ਪ੍ਰਾਈਵੇਟ ਲਿਮਿਟਿਡ ਵੱਲੋ ਨਿਰੋਲ ਆਊਟਸੋਰਸ ਆਧਾਰ ਤੇ ਜੇ.ਟੀ (ਮਕੈਨਿਕ, ਵੈਲਡਰ, ਟਾਇਰਮੈਨ, ਟਰਨਰ, ਪੇਂਟਰ, ਆਟੋ ਇਲੈਕਟ੍ਰੀਸ਼ਨ, ਰੇਡੀਏਟਰ ਰਿਪੇਅਰਰ) ਅਤੇ ਹੈਲਪਰ ਦੀਆਂ ਅਸਾਮੀ ਲਈ ਪੁਰਸ਼ ਉਮੀਦਵਾਰਾਂ ਤੋ ਬਿਨੈ-ਪੱਤਰ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਵਿਸਥਾਰ ਪੂਰਵਕ ਨੋਟਿਸ ਐਸ.ਰਾਮ.ਮੈਨਪਾਵਰ ਸਰਿਵਿਸਜ਼ ਦੀ ਵੈਬਸਾਈਟ **"SRMANPOWER.CO.IN"** ਤੇ ਵੇਖਿਆ ਜਾ ਸਕਦਾ ਹੈ ਅਤੇ ਇਸੇ ਵੈਬਸਾਈਟ ਤੇ ਮਿਤੀ 03/03/26 ਨੂੰ 11:00 AM ਤੋ ਮਿਤੀ 13/03/26 ਨੂੰ 5:00 PM ਤੱਕ ਅਪਲਾਈ ਕੀਤਾ ਜਾ ਸਕਦਾ ਹੈ।

**1. ਯੋਗਤਾ:-**

**(ੳ)**

1) **ਜੇ.ਟੀ (ਮਕੈਨਿਕ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਮੋਟਰ ਮਕੈਨਿਕ ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇ ਅਤੇ ਤਿੰਨ ਸਾਲ ਦਾ ਤਜਰਬਾ।

2) **ਜੇ.ਟੀ (ਵੈਲਡਰ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਵੈਲਡਰ(ਗੈਸ ਅਤੇ ਇਲੈਕਟ੍ਰਿਕ) ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇ ਅਤੇ ਤਿੰਨ ਸਾਲ ਦਾ ਤਜਰਬਾ।

3) **ਜੇ.ਟੀ (ਟਾਇਰਮੈਨ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ, ਟਾਇਰਮੈਨ ਟਰੇਡ ਦਾ ਸਰਟੀਫਿਕੇਟ ਅਤੇ ਤਿੰਨ ਸਾਲ ਦਾ ਤਜਰਬਾ।

4) **ਜੇ.ਟੀ (ਟਰਨਰ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਟਰਨਰ ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇ ਅਤੇ ਤਿੰਨ ਸਾਲ ਦਾ ਤਜਰਬਾ।

5) **ਜੇ.ਟੀ (ਪੇਂਟਰ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਪੇਂਟਰ ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇਂ ਅਤੇ ਤਿੰਨ ਸਾਲ ਦਾ ਤਜਰਬਾ।

6) **ਜੇ.ਟੀ (ਆਟੋ ਇਲੈਕਟ੍ਰੀਸ਼ਨ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਆਟੋਂ ਇਲੈਕਟ੍ਰੀਸ਼ਨ ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇ ਅਤੇ ਤਿੰਨ ਸਾਲ ਦਾ ਤਜਰਬਾ।

7) **ਜੇ.ਟੀ (ਰੇਡੀਏਟਰ ਰਿਪੇਅਰਰ)** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ ਅਤੇ ਉਸ ਵੱਲੋਂ ਸ਼ੀਟ ਮੈਟਲ ਵਰਕ ਦੀ ਆਈ.ਟੀ.ਆਈ. ਟਰੈਡ ਦਾ ਸਰਟੀਫਿਕੇਟ ਹੋਵੇ ਅਤੇ ਤਿੰਨ ਸਾਲ ਦਾ ਤਜਰਬਾ।

8) **ਹੈਲਪਰ** :- ਉਮੀਦਵਾਰ ਦਸਵੀ ਪਾਸ ਜਾਂ ਬਰਾਬਰ ਦੀ ਯੋਗਤਾ ਰੱਖਦਾ ਹੋਵੇ।

**(ਅ)** ਸਰਕਾਰ ਦੀ ਹਦਾਇਤਾ ਅਨੁਸਾਰ ਰਿਜਰਵੇਸ਼ਨ ਪਾਲਸੀ ਲਾਗੂ ਹੋਵੇਗੀ।

**(ੲ)** ਉਮੀਦਵਾਰ ਦੀ ਉਮਰ 18 ਤੋ 37 ਸਾਲ (ਜਨਰਲ ਕੈਟਾਗਰੀ) ਅਤੇ ਐਸ.ਸੀ./ਬੀ.ਸੀ. ਕੈਟਾਗਰੀ ਲਈ ਪੰਜਾਬ ਸਰਕਾਰ ਵੱਲ ਸਮੇ-ਸਮੇ ਤੇ ਜਾਰੀ ਹਦਾਇਤ ਅਨੁਸਾਰ ਛੋਟ ਹੋਵੇਗੀ।

2. **ਚੋਣ ਕਰਨ ਦੀ ਵਿਧੀ**:-

ਯੋਗ ਪਾਏ ਗਏ ਉਮੀਦਵਾਰ ਨੂੰ ਸਕਿਲਡ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ।

***ਨੋਟ**:-

**(ੳ)** ਉਮੀਦਵਾਰ ਵੱਲੋ ਪਤੀਸ਼ਤ ਲਿਖਣ ਲਈ ਬਿੰਦੂ ਤੋ ਬਾਅਦ 2 ਅੰਕ ਦਾ ਲਿਖਣਾ ਲਾਜ਼ਮੀ ਹੈ (ਉਦਾਹਰਣ: ਜੇਕਰ ਉਮੀਦਵਾਰ ਦੇ 46 ਪਤੀਸ਼ਤ ਨੰਬਰ ਹਨ ਤਾਂ ਉਹ ਇਸ ਨੂੰ 46.00 ਲਿਖੇਗਾ ਅਤੇ ਜੇਕਰ ਉਮੀਦਵਾਰ ਦੇ 46.40 ਪਤੀਸ਼ਤ ਨੰਬਰ ਹਨ ਤਾਂ ਉਹ ਇਸ ਨੂੰ 46.40 ਲਿਖੇਗਾ)।

**(ਅ)** ਉਮੀਦਵਾਰ ਸਿਰਫ ਪਤੀਸ਼ਤ ਲਿਖਣ ਲਈ ਸੰਖਿਆਤਮਕ ਅੰਕਾਂ ਦਾ ਇਸਤੇਮਾਲ ਕਰੇਗਾ ਅਤੇ ਨਾਲ ਕਿਸੇ ਵੀ ਤਰਾਂ ਦੇ ਵਿਸ਼ੇਸ਼ ਸਾਇਨ ਦਾ ਇਸਤੇਮਾਲ ਨਹੀ ਕਰੇਗਾ ।

3. **ਨਿਯੁਕਤੀ ਦਾ ਸਥਾਨ**:-

ਲੋੜ ਅਨੁਸਾਰ ਚੋਣ ਕੀਤੇ ਗਏ ਉਮੀਦਵਾਰ ਨੂੰ ਵੱਖ-ਵੱਖ ਸਟੇਸ਼ਨ ਤੇ ਨਿਯੁਕਤ ਕੀਤਾ ਜਾਵੇਗਾ ਅਤੇ ਜੇਕਰ ਚੁਣੇ ਹੋਏ ਉਮੀਦਵਾਰ ਵੱਲ ਆਪਣੀ ਹਾਜ਼ਰੀ ਰਿਪੋਰਟ ਤਹਿ ਕੀਤੇ ਗਏ ਸਥਾਨ ਅਤੇ ਸਮੇ ਅੰਦਰ ਨਹੀ ਦਿੱਤੀ ਜਾਦੀ ਤਾਂ ਬਿਨਾਂ ਕਿਸੇ ਨੋਟਿਸ ਦੇ ਉਮੀਦਵਾਰ ਦੀ ਚੋਣ ਰੱਦ ਕਰ ਦਿੱਤੀ ਜਾਵੇਗੀ।

4. **ਉਜਰਤ**:-

(ੳ) ਚੁਣੇ ਗਏ ਉਪਰੋਕਤ ਵਰਕਸ਼ਾਪ ਸਟਾਫ ਨੂੰ ਸਮੇ-ਸਮੇ ਤੇ ਲੇਬਰ ਕਮਿਸ਼ਨਰ, ਪੰਜਾਬ ਵੱਲੋ ਤਹਿ ਕੀਤੀਆਂ ਘੱਟੋ-ਘੱਟ ਉਜਰਤ ਦਿੱਤੀਆਂ ਜਾਣਗੀਆਂ।

(ਅ) ਚੁਣੇ ਗਏ ਉਮਦਵਾਰ ਵਰਕਸ਼ਾਪ ਸਟਾਫ ਹਫਤਾਵਾਰੀ ਇੱਕ ਰੈਸਟ ਦੇ ਹੱਕਦਾਰ ਹੋਣਗੇ।

5. **ਜ਼ਰੂਰੀ ਹਦਾਇਤਾਂ**:–

(ੳ) ਉਮੀਦਵਾਰ ਵੱਲੋ ਅਪਲਾਈ ਕਰਨ ਸਮੇ ਪੇਸ਼ ਕੀਤੇ ਗਏ ਦਸਤਾਵੇਜ਼ਾ ਵਿੱਚ ਜੇਕਰ ਕੋਈ ਕਟਿੰਗ, ਓਵਰਰਾਇਟੀਟੰਗ ਅਤੇ ਦਸਤਾਵੇਜ਼ਾ ਨਾਲ ਛੇੜਛਾੜ ਪਾਈ ਗਈ ਜਾਂ ਗਲਤ/ਫਰਜ਼ੀ ਦਸਤਾਵੇਜ਼ ਪੇਸ਼ ਕੀਤੇ ਗਏ ਤਾਂ ਪ੍ਰਾਥੀ ਦਾ ਬੇਨਤੀ ਪੱਤਰ ਮੁੱਕਮਲ ਤੌਰ ਤੇ ਰੱਦ ਕਰ ਦਿੱਤਾ ਜਾਵੇਗਾ।

(ਅ) ਉਮੀਦਵਾਰ ਕਿਸੇ ਵੀ ਸਟੇਟ ਟਰਸਪੋਰਟ ਅੰਡਰਟੇਕਿੰਗ ਵੱਲੋ ਬਲੈਕਿਲਸਟ ਨਹੀ ਹੋਣਾ ਚਾਹੀਦਾ।

(ੲ) ਉਮੀਦਵਾਰ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਇਹ ਅਸਾਮੀਆਂ ਪੂਰਨ ਤੌਰ ਤੇ ਬਾਹਰੀ ਸੰਸਥਾ (outsourcing basis) ਰਾਹੀ ਹਨ।

6. **ਅਪਲਾਈ ਕਰਨ ਦੀ ਵਿਧੀ**:-

(ੳ) ਉਮੀਦਵਾਰ ਐਸ.ਰਾਮ.ਮੈਨਪਾਵਰ ਸਰਿਵਿਸਜ਼ ਪ੍ਰਾਈਵੇਟ ਲਿਮਿਟਿਡ ਦੀ ਵੈਬਸਾਈਟ **"SRMANPOWER.CO.IN"** ਤੇ ਜਾ ਕੇ ਪੋਸਟ ਲਈ ਅਪਲਾਈ ਕਰ ਸਕਦਾ ਹੈ।

(ਅ) ਉਮੀਦਵਾਰ ਨੂੰ ਲੋੜੀਦੀ ਪੋਸਟ ਲਈ ਅਪਲਾਈ ਕਰਨ ਲਈ ਵੈਬਸਾਈਟ ਖੋਲ ਕੇ "APPLY NOW" ਤੇ ਕਿਲੱਕ ਕਰਨਾ ਪਵੇਗਾ।

(ੲ) ਉਮੀਦਵਾਰ ਵੱਲ ਆਪਣਾ ਮੋਬਾਇਲ ਨੰਬਰ ਭਰਨਾ ਜਰੂਰੀ ਹੈ ਅਤੇ ਇਹ ਮੋਬਾਇਲ ਨੰਬਰ ਕਿਸੇ ਵੀ ਕਾਰਣ ਕਰਕੇ ਬਦਿਲਆ ਨਹੀ ਜਾਣਾ ਚਾਹੀਦਾ।

(ਸ) ਉਮੀਦਵਾਰ ਨੂੰ ਅਰਜੀ ਭਰਨ ਤੋ ਪਹਿਲਾ ਆਪਣੇ ਅਸਲ ਸਕੈਨਡ ਦਸਤਾਵੇਜ (ਦਸਵੀਂ ਸਰਟੀਫਿਕੇਟ, ਯੋਗ ਟਰੇਡ ਦਾ ਆਈ.ਟੀ.ਆਈ. ਸਰਟੀਫਿਕੇਟ, ਆਧਾਰ ਕਾਰਡ, ਐਸ.ਸੀ./ਬੀ.ਸੀ. ਸਰਟੀਫਿਕੇਟ (ਜੇਕਰ ਲਾਗੂ ਹੋਵੇ), ਨਵੀਨਤਮ ਫੋਟੋਗਰਾਫ (ਸਫੈਦ ਬੈਕਗਰਾਡ) ਨੂੰ ਫ਼ਾਇਲ ਫਾਰਮੈਟ (jpg/png ਵੱਧ ਤੋ ਵੱਧ ਸਾਇਜ 200KB)ਵਿੱਚ ਤਿਆਰ ਰੱਖਣਾ ਜਰੂਰੀ ਹੈ।

(ਕ) ਇਸ ਤੋ ਬਾਅਦ ਉਮੀਦਵਾਂਰ ਵੱਲੋ ਲੋੜੀਦੀ ਜਾਣਕਾਰੀ ਭਰੀ ਜਾਵੇਗੀ ਅਤੇ ਲੋੜੀਦੇਂ ਦਸਤਾਵੇਜ਼ਾ ਨੂੰ ਨਿਰਧਾਰਿਤ ਤਰੀਕੇ ਰਾਹੀ ਵੈਬਸਾਇਟ ਉਪਰ ਅਪਲੋਡ ਕੀਤਾ ਜਾਵੇਗਾ।

(ਖ) ਇਸ ਤੋ ਬਾਅਦ ਉਮੀਦਵਾਰ ਵੱਲੋ ਘੋਸ਼ਣਾ ਨੂੰ ਸਵੀਕਾਰ ਕਰਨ ਉਪਰੰਤ ਜਮਾਂ ਕਰਨ ਵਾਲੇ ਬਟਨ ਨੂੰ ਦਬਾਇਆ ਜਾਵੇਗਾ।

(ਗ) ਇਸ ਉਪਰੰਤ ਸਕਿਰਨ ਉਪਰ ਸਿਸਟਮ ਵੱਲ ਅਰਜੀ ਭਰਨ ਦੀ ਪੁਸ਼ਟੀ ਦਾ ਸੁਨੇਹਾ ਆਵੇਗਾ। ਜਿਸ ਨੂੰ ਉਮੀਦਵਾਰ ਨੋਟ ਕਰ ਸਕਦਾ ਹੈ ਜਾਂ ਫਿਰ CTRL+P ਦੱਬ ਕੇ ਇਸ ਦਾ ਪ੍ਰਿੰਟ ਕੱਢ ਸਕਦਾ ਹੈ।

7. **ਅਪਲਾਈ ਕਰਨ ਸਮੇਂ ਦੌਰਾਨ ਕੁੱਝ ਜਰੂਰੀ ਨਿਰਦੇਸ਼:-**

(ੳ) ਜਦ ਤੱਕ ਭਰਤੀ ਕਰਨ ਦੀ ਪ੍ਰਕਿਰਿਆ ਪੂਰੀ ਨਹੀ ਹੋ ਜਾਂਦੀ ਉਮੀਦਵਾਰ ਵੱਲੋ ਕਿਸੇ ਵੀ ਕਾਰਣ ਕਰਕੇ ਆਪਣਾ ਰਜਿਸਟਰਡ ਮੋਬਾਇਲ ਨੰ ਨਹੀਂ ਬਦਲਿਆ ਜਾਵੇਗਾ।

ਅ) ਉਮੀਦਵਾਰ ਵੱਲ ਨੋਟਿਸ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਅਤੇ ਅਰਜੀ ਨੂੰ ਪੂਰਨ ਧਿਆਨ ਨਾਲ ਭਰ ਕੇ ਜਮਾ ਕਰਿਆ ਜਾਵੇ। ਇੱਕ ਵਾਰ ਅਰਜੀ ਜਮਾਂ ਹੋਣ ਤੋ ਬਾਅਦ ਉਸ ਵਿੱਚ ਕੋਈ ਵੀ ਬਦਲਾਅ/ਸੰਪਾਦਿਤ ਨਹੀ ਕੀਤਾ ਜਾ ਸਕਦਾ।

(ੲ) ਉਮੀਦਵਾਰ ਵੱਲ ਅਰਜੀ ਭਰਨ ਦੌਰਾਨ ਅਪਲੋਡ ਕੀਤੇ ਦਸਤਾਵੇਜ ਬਿਲਕੁਲ ਸਾਫ ਅਤੇ ਪੜਨ ਯੋਗ ਹੋਣ।

(ਸ) ਉਮੀਦਵਾਰ ਨੂੰ ਸਲਾਹ ਦਿੱਤੀ ਜਾਦੀ ਹੈ ਕਿ ਅਰਜੀ ਭਰਨ ਲਈ ਸਿਰਫ ਕੰਪਿਊਟਰ ਦੀ ਵਰਤੋ ਕੀਤੀ ਜਾਵੇ। ਮੋਬਾਇਲ/ਐਡਂਰੋਇਡ ਫੋਨ/ਆਈ ਫੋਨ ਆਦਿ ਦੀ ਵਰਤੋ ਨਾ ਕੀਤੀ ਜਾਵੇ। ਜੇਕਰ ਉਮੀਦਵਾਰ ਵੱਲੋ ਮੋਬਾਇਲ/ਐਡਂਰੋਇਡ ਫੋਨ/ਆਈ ਫੋਨ ਆਦਿ ਦੀ ਵਰਤੋ ਕਰਕੇ ਅਰਜੀ ਭਰੀ ਜਾਦੀ ਹੈ ਅਤੇ ਉਸ ਦੀ ਅਰਜੀ ਨੂੰ ਵੀ ਕਾਰਨ ਕਰਕੇ ਜਮਾਂ ਨਹੀ ਹੁੰਦੀ ਤ ਉਸ ਦੀ ਜਿੰਮੇਵਾਰੀ ਸੰਸਥਾ ਦੀ ਨਹੀ ਹੋਵੇਗੀ।

ਸਥਾਨ: ਮੋਹਾਲੀ

ਐਸ.ਰਾਮ.ਮੈਨਪਾਵਰਸਰਿਵਿਸਜ਼ ਪ੍ਰਾਈਵੇਟ ਲਿਮਿਟਿਡ

ਮਿਤੀ:03/03/2026